# ਮਾਪਿਆਂ ਲਈ ਗਾਈਡ . . .
# ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀ (IPRC) ਬਾਰੇ

ਓਨਟੇਰੀਓ ਐਜੂਕੇਸ਼ਨ ਐਕਟ ਮੰਗ ਕਰਦਾ ਹੈ ਕਿ ਸਕੂਲ ਬੋਰਡ ਉਹਨਾਂ ਬੱਚਿਆਂ ਨੂੰ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ ਮੁਹੱਈਆ ਕਰਨ ਜਿਹਨਾਂ ਨੂੰ ਉਹਨਾਂ ਦੀ ਲੋੜ ਹੁੰਦੀ ਹੈ।

ਸਕੂਲ ਬੋਰਡਾਂ ਲਈ ਉਹਨਾਂ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਲਈ ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀਆਂ (IPRCs) ਸਥਾਪਿਤ ਕਰਨੀਆਂ ਜ਼ਰੂਰੀ ਹਨ ਜਿਹਨਾਂ ਨੂੰ ਵਿਸ਼ੇਸ਼ ਵਿਦਿਅਕ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਲੋੜ ਹੈ। ਇਹਨਾਂ ਕਮੇਟੀਆਂ ਵਿੱਚ ਲਾਜ਼ਮੀ ਤੌਰ 'ਤੇ ਤਿੰਨ ਵਿਅਕਤੀ ਹੋਣੇ ਚਾਹੀਦੇ ਹਨ, ਉਹਨਾਂ ਵਿੱਚੋਂ ਇੱਕ ਲਾਜ਼ਮੀ ਤੌਰ 'ਤੇ ਸਕੂਲ ਪ੍ਰਿੰਸੀਪਲ ਜਾਂ ਬੋਰਡ ਨਿਗਰਾਨ ਅਧਿਕਾਰੀ ਹੋਣਾ ਚਾਹੀਦਾ ਹੈ। IPRCs ਆਮ ਪ੍ਰਕਿਰਿਆ ਦੀ ਪਾਲਣਾ ਕਰਦੀਆਂ ਹਨ ਜਿਹਨਾਂ ਨੂੰ ਸੂਬਾਈ ਕਾਨੂੰਨ (ਵਿਨਿਯਮ 181/98) ਵੱਲੋਂ ਸੰਚਾਲਿਤ ਕੀਤਾ ਜਾਂਦਾ ਹੈ।

ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਵਿਦਿਆਰਥੀਆਂ ਦੀ ਸਫਲਤਾ ਲਈ ਵਚਨਬੱਧ ਹੈ। ਅਸੀਂ ਇਹ ਮੰਨਦੇ ਹਾਂ ਕਿ ਵਿਦਿਆਰਥੀਆਂ ਦਾ ਵੱਖਰੇ ਤਰੀਕੇ ਨਾਲ ਵਿਕਾਸ ਹੁੰਦਾ ਹੈ ਅਤੇ ਉਹ ਵੱਖਰੇ ਤਰੀਕੇ ਨਾਲ ਸਿੱਖਦੇ ਹਨ ਅਤੇ ਕੁਝ ਵਿਦਿਆਰਥੀਆਂ ਨੂੰ ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਲੋੜ ਹੋਵੇਗੀ, ਜਿਹਨਾਂ ਨੂੰ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ ਦੇ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

ਮਾਪਿਆਂ ਲਈ ਇਹ ਗਾਈਡ ਦੱਸਦੀ ਹੈ ਕਿ IPRCs ਉਹਨਾਂ ਵਿਦਿਆਰਥੀਆਂ ਦੀ ਪਛਾਣ ਕਿਵੇਂ ਕਰਦੀਆਂ ਹਨ ਜਿਹਨਾਂ ਨੂੰ ਵਿਸ਼ੇਸ਼ ਵਿਦਿਅਕ ਪ੍ਰੋਗਰਾਮਾਂ ਦੀ ਲੋੜ ਹੁੰਦੀ ਹੈ, ਮਾਪੇ ਵੱਜੋਂ ਤੁਹਾਡੇ ਅਧਿਕਾਰ ਕੀ ਹਨ ਅਤੇ ਇਸ ਬਾਰੇ ਵਰਣਨ ਕਰਦੀ ਹੈ ਕਿ ਤੁਹਾਡੀ ਸ਼ਮੂਲੀਅਤ ਤੁਹਾਡੇ ਬੱਚੇ ਲਈ ਵਧੀਆ ਵਿਦਿਅਕ ਫੈਸਲੇ ਕਰਨ ਵਿੱਚ ਕਿਵੇਂ ਮਦਦ ਕਰੇਗੀ।

## IPRC:

- ਇਹ ਫੈਸਲਾ ਕਰਦੀ ਹੈ ਕਿ ਕੀ ਬੱਚੇ ਦੀ ਪਛਾਣ "ਅਸਧਾਰਣ" ਹੋਣ ਵੱਜੋਂ ਕਰਨੀ ਚਾਹੀਦੀ ਹੈ। (ਅਸਧਾਰਣ ਵਿਦਿਆਰਥੀ ਨੂੰ ਇੱਕ ਅਜਿਹੇ ਬੱਚੇ ਵੱਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਹਨਾਂ ਦੀਆਂ ਵਿਹਾਰਾਤਮਕ, ਸੰਚਾਰਕ, ਬੌਧਿਕ, ਸਰੀਰਕ ਜਾਂ ਕਈ ਅਜਿਹੀਆਂ ਅਸਧਾਰਣਤਾਵਾਂ ਹੁੰਦੀਆਂ ਹਨ ਕਿ ਕਮੇਟੀ ਦੁਆਰਾ ਉਸ ਨੂੰ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਿੱਚ ਰੱਖਣ ਬਾਰੇ ਵਿਚਾਰ ਕੀਤਾ ਜਾਂਦਾ ਹੈ);
- ਅਸਧਾਰਣਤਾ ਦੀ ਸ਼੍ਰੇਣੀ ਅਤੇ ਖੇਤਰ ਦੀ ਪਛਾਣ ਕਰਦੀ ਹੈ;
- ਉਸ ਬੱਚੇ ਲਈ ਢੁਕਵੀਂ ਪਲੇਸਮੈਂਟ ਬਾਰੇ ਫੈਸਲਾ ਕਰਦੀ ਹੈ ਜਿਸ ਦੀ ਪਛਾਣ ਅਸਧਾਰਣ ਹੋਣ ਵੱਜੋਂ ਕੀਤੀ ਜਾਂਦੀ ਹੈ; ਅਤੇ

- ਹਰੇਕ ਸਕੂਲੀ ਵਰ੍ਹੇ ਵਿੱਚ ਘੱਟੋ-ਘੱਟ ਇੱਕ ਵਾਰੀ ਪਛਾਣ ਅਤੇ ਪਲੇਸਮੈਂਟ ਦੀ ਸਮੀਖਿਆ ਕਰਦੀ ਹੈ।

## IPRC ਤੋਂ ਪਹਿਲਾਂ

ਸਕੂਲ ਬੱਚੇ ਨੂੰ ਉਸ ਸੂਰਤ ਵਿੱਚ IPRC ਕੋਲ ਭੇਜ ਸਕਦਾ ਹੈ ਜੇ ਉਸ ਨੂੰ ਅਤੇ ਬੱਚੇ ਦੇ ਅਧਿਆਪਕ ਨੂੰ ਲੱਗਦਾ ਹੈ ਕਿ ਬੱਚੇ ਨੂੰ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਤੋਂ ਫਾਇਦਾ ਹੋਵੇਗਾ। ਤੁਸੀਂ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣੇ ਬੱਚੇ ਨੂੰ IPRC ਕੋਲ ਭੇਜਣ ਲਈ ਕਹਿ ਸਕਦੇ ਹੋ। ਬੇਨਤੀ ਲਾਜ਼ਮੀ ਤੌਰ ਤੇ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਪ੍ਰਿੰਸੀਪਲ ਤੁਹਾਡੀ ਬੇਨਤੀ ਪ੍ਰਾਪਤ ਹੋਣ ਦੇ 15 ਦਿਨਾਂ ਅੰਦਰ ਇਸ ਸੂਚਨਾ ਨਾਲ ਤੁਹਾਨੂੰ ਲਿਖਤੀ ਜਵਾਬ ਦੇਵੇਗਾ ਕਿ IPRC ਦੀ ਮੀਟਿੰਗ ਕਦੋਂ ਹੋਵੇਗੀ।

ਤੁਹਾਨੂੰ IPRC ਮੀਟਿੰਗ ਵਿੱਚ ਸੱਦਾ ਦੇਣ ਵਾਲੀ ਇੱਕ ਚਿੱਠੀ ਮਿਲੇਗੀ। ਇਸ ਵਿੱਚ ਮੀਟਿੰਗ ਲਈ ਤਾਰੀਖ਼, ਸਮਾਂ ਅਤੇ ਜਗ੍ਹਾ ਸ਼ਾਮਲ ਹੋਵੇਗੀ। IPRCs ਤੁਹਾਡੇ ਸਕੂਲ ਵਿੱਚ ਹੋ ਸਕਦੀਆਂ ਹਨ। ਤੁਹਾਨੂੰ ਸੱਦੇ ਦੀ ਇਹ ਚਿੱਠੀ IPRC ਤੋਂ ਘੱਟੋ-ਘੱਟ 10 ਦਿਨ ਪਹਿਲਾਂ ਇਸ ਗਾਈਡ ਦੀ ਇੱਕ ਕਾਪੀ ਦੇ ਨਾਲ ਮਿਲੇਗੀ।

IPRC ਤੋਂ ਕਾਫੀ ਸਮਾਂ ਪਹਿਲਾਂ ਸਪੈਸ਼ਨ ਐਜੂਕੇਸ਼ਨ ਰਿਸੋਰਸ ਟੀਚਰ (SERT) ਨਾਲ ਇਹਨਾਂ ਸੁਝਾਆਂ/ਸਿਫਾਰਸ਼ਾਂ ਸਹਿਤ ਨਿਰੰਤਰ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ ਕਿ ਕਿਹੜੀ ਪਲੇਸਮੈਂਟ ਤੁਹਾਡੇ ਬੱਚੇ ਦੀਆਂ ਮਜ਼ਬੂਤੀਆਂ ਅਤੇ ਲੋੜਾਂ ਲਈ ਲਾਹੇਵੰਦ ਹੋਵੇਗੀ। ਮਾਪਿਆਂ ਅਤੇ ਵਿਦਿਆਰਥੀਆਂ ਲਈ ਇੱਕ ਕਮਿਊਨੀਕੇਸ਼ਨ ਗਾਈਡ ਨਾਮਕ ਇੱਕ ਕਿਤਾਬਚਾ, ਜੋ ਬੋਰਡ ਦੀ ਵੈੱਬਸਾਈਟ www.yrdsb.ca 'ਤੇ ਮੌਜੂਦ ਹੈ, ਸਕੂਲ ਅਤੇ ਘਰ ਦਰਮਿਆਨ ਸੂਚਨਾ ਦੇ ਆਦਾਨ-ਪ੍ਰਦਾਨ ਵਿੱਚ ਵਾਧਾ ਕਰਨ ਬਾਰੇ ਸੰਖੇਪ ਜਾਣਕਾਰੀ ਦਿੰਦਾ ਹੈ।

### ਜਿਹੜੇ ਮਾਪੇ ਮੀਟਿੰਗ ਵਿੱਚ ਭਾਗ ਨਹੀਂ ਲੈ ਸਕਦੇ ਉਹਨਾਂ ਨੂੰ:

- ਬਦਲਵੀਂ ਤਾਰੀਖ਼ ਜਾਂ ਸਮੇਂ ਦਾ ਇੰਤਜ਼ਾਮ ਕਰਨ ਲਈ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰਨਾ ਚਾਹੀਦਾ ਹੈ; ਜਾਂ
- ਪ੍ਰਿੰਸੀਪਲ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਆ ਨਹੀਂ ਸਕਦੇ। ਪ੍ਰਿੰਸੀਪਲ ਤੁਹਾਨੂੰ ਕਮੇਟੀ ਦੇ ਫੈਸਲੇ ਬਾਰੇ ਦੱਸਣ ਲਈ ਮੀਟਿੰਗ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕਰੇਗਾ, ਅਤੇ ਪਛਾਣ ਅਤੇ ਪਲੇਸਮੈਂਟ ਸਬੰਧੀ IPRC ਦੇ ਫੈਸਲੇ ਬਾਰੇ ਇੱਕ ਲਿਖਤੀ ਬਿਆਨ ਤੁਹਾਡੇ ਵਿਚਾਰੇ ਜਾਣ ਲਈ ਤੁਹਾਡੇ ਕੋਲ ਭੇਜੇਗਾ।

### IPRC ਮੀਟਿੰਗ ਵਿੱਚ ਕੌਣ ਭਾਗ ਲੈਂਦਾ ਹੈ?

ਕਮੇਟੀ ਵਿੱਚ ਲਾਜ਼ਮੀ ਤੌਰ 'ਤੇ ਘੱਟੋ-ਘੱਟ ਤਿੰਨ ਵਿਅਕਤੀ ਹੋਣੇ ਚਾਹੀਦੇ ਹਨ, ਜਿਹਨਾਂ ਵਿੱਚੋਂ ਇੱਕ ਲਾਜ਼ਮੀ ਤੌਰ 'ਤੇ ਪ੍ਰਿੰਸੀਪਲ ਜਾਂ ਇੱਕ ਬੋਰਡ ਨਿਗਰਾਨ ਅਧਿਕਾਰੀ ਹੋਣਾ ਚਾਹੀਦਾ ਹੈ।

ਵਧੀਕ ਵਿਅਕਤੀ ਭਾਗ ਲੈ ਸਕਦੇ ਹਨ:

- ਤੁਸੀਂ ਅਤੇ ਤੁਹਾਡਾ ਬੱਚਾ (ਢੁਕਵਾਂ ਹੋਣ 'ਤੇ ਵਿਦਿਆਰਥੀਆਂ ਦਾ ਭਾਗ ਲੈਣ ਲਈ ਸਵਾਗਤ ਕੀਤਾ ਜਾਂਦਾ ਹੈ; 16 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰਿਆਂ ਵਿੱਚ ਆਉਣ ਅਤੇ ਭਾਗ ਲੈਣ ਦਾ ਅਧਿਕਾਰ ਹੁੰਦਾ ਹੈ);
- ਤੁਹਾਡੇ ਬੱਚੇ ਦੇ ਸਕੂਲ ਦਾ ਪ੍ਰਿੰਸੀਪਲ;
- ਤੁਹਾਡੇ ਬੱਚੇ ਦਾ ਅਧਿਆਪਕ ਅਤੇ ਹੋਰ ਵਸੀਲੇ ਵਾਲੇ ਵਿਅਕਤੀ ਜਿਵੇਂ ਕਿ ਵਿਸ਼ੇਸ਼ ਸਿੱਖਿਆ ਸਟਾਫ, ਬੋਰਡ ਦਾ ਸਹਾਇਤਾ ਸਟਾਫ, ਜਾਂ ਏਜੰਸੀ ਦਾ ਕੋਈ ਪ੍ਰਤਿਨਿਧੀ ਜੋ ਅਗਲੇਰੀ ਜਾਣਕਾਰੀ ਜਾਂ ਸਪਸ਼ਟੀਕਰਨ ਮੁਹੱਈਆ ਕਰਵਾ ਸਕਦਾ ਹੈ;
- ਇੱਕ ਪ੍ਰਤੀਨਿਧੀ ਜੋ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸਹਾਇਤਾ ਕਰ ਸਕਦਾ ਹੈ; ਅਤੇ/ਜਾਂ
- ਲੋੜ ਪੈਣ 'ਤੇ ਇੱਕ ਦੁਭਾਸ਼ੀਆ (ਬੇਨਤੀ ਕਰਨ 'ਤੇ ਸਕੂਲ ਪ੍ਰਿੰਸੀਪਲ ਵੱਲੋਂ ਮੁਹੱਈਆ ਕਰਵਾਇਆ ਜਾਂਦਾ ਹੈ)।

### IPRC ਕਿਸ ਜਾਣਕਾਰੀ 'ਤੇ ਵਿਚਾਰ ਕਰੇਗੀ?

IPRC ਤੋਂ ਪਹਿਲਾਂ ਸਕੂਲ ਪ੍ਰਿੰਸੀਪਲ ਇਹ ਯਕੀਨੀ ਬਣਾਏਗਾ ਕਿ ਕਿਸੇ ਵੀ ਮੁਲਾਂਕਣਾਂ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰ ਲਿਆ ਗਿਆ ਹੈ/ ਤੁਹਾਨੂੰ ਆਪਣੇ ਬੱਚੇ ਬਾਰੇ ਅਜਿਹੀ ਕਿਸੇ ਵੀ ਜਾਣਕਾਰੀ ਦੀ ਲਿਖਤੀ ਕਾਪੀ ਮਿਲੇਗੀ ਜੋ IPRC ਦੇ ਚੇਅਰਪਰਸਨ ਨੂੰ ਪ੍ਰਾਪਤ ਹੋਈ ਹੈ ਜਿਵੇਂ ਕਿ ਮੁਲਾਂਕਣ ਨਤੀਜੇ ਜਾਂ ਜਾਣਕਾਰੀ ਦਾ ਸਾਰ/ ਤੁਸੀਂ ਵੀ ਕਮੇਟੀ ਨੂੰ ਜਾਣਕਾਰੀ ਮੁਹੱਈਆ ਕਰ ਸਕਦੇ ਹੋ/ ਜੇ ਤੁਸੀਂ ਚੋਣ ਕਰਦੇ ਹੋ, ਤਾਂ ਤੁਸੀਂ IPRC ਤੋਂ ਪਹਿਲਾਂ ਆਪਣੇ ਸਕੂਲ ਪ੍ਰਿੰਸੀਪਲ ਨੂੰ ਕੋਈ ਵੀ ਲਿਖਤੀ ਜਾਣਕਾਰੀ ਦੇ ਸਕਦੇ ਹੋ ਜਿਸ ਬਾਰੇ ਤੁਸੀਂ ਚਾਹੁੰਦੇ ਹੋ ਕਿ ਇਸ ਦੀ IPRC ਵੱਲੋਂ ਸਮੀਖਿਆ ਕੀਤੀ ਜਾਵੇ ਅਤੇ ਵਿਚਾਰ ਕੀਤਾ ਜਾਵੇ/

## IPRC ਦੇ ਦੌਰਾਨ

IPRC ਦਾ ਚੇਅਰਪਰਸਨ ਤੁਹਾਡਾ ਸਵਾਗਤ ਕਰਕੇ ਅਤੇ ਕਮੇਟੀ ਮੈਂਬਰਾਂ ਦੀ ਤੁਹਾਡੇ ਨਾਲ ਜਾਣ-ਪਛਾਣ ਕਰਵਾ ਕੇ ਮੀਟਿੰਗ ਦੀ ਸ਼ੁਰੂਆਤ ਕਰੇਗਾ/ ਤੁਹਾਨੂੰ ਫੇਰ ਖੁਦ ਦੀ ਅਤੇ ਆਪਣੇ ਮਹਿਮਾਨਾਂ ਦੀ ਜਾਣ-ਪਛਾਣ ਕਰਵਾਉਣ ਦਾ ਮੌਕਾ ਮਿਲੇਗਾ/ IPRC ਚੇਅਰਪਰਸਨ ਮੀਟਿੰਗ ਦੇ ਉਦੇਸ਼ ਬਾਰੇ ਸੰਖੇਪ ਜਾਣਕਾਰੀ ਦੇਵੇਗਾ/ ਤੁਹਾਨੂੰ ਵਿਚਾਰ-ਵਟਾਂਦਰੇ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇਗਾ/ ਕਮੇਟੀ:

- ਤੁਹਾਡੇ ਬੱਚੇ ਬਾਰੇ ਸਾਰੀ ਢੁਕਵੀਂ ਜਾਣਕਾਰੀ ਦੀ ਸਮੀਖਿਆ ਕਰੇਗੀ;
- ਤੁਹਾਡੇ ਬੱਚੇ ਦੇ ਵਿਦਿਅਕ ਮੁਲਾਂਕਣ ਬਾਰੇ ਵਿਚਾਰ ਕਰੇਗੀ;
- ਲੋੜ ਪੈਣ 'ਤੇ ਤੁਹਾਡੇ ਬੱਚੇ ਦੇ ਸਿਹਤ ਜਾਂ ਮਨੋਵਿਗਿਆਨਕ ਮੁਲਾਂਕਣ ਬਾਰੇ ਵਿਚਾਰ ਕਰੇਗੀ;
- ਜੇ ਇਸ ਨੂੰ ਲੱਗਦਾ ਹੈ ਕਿ ਅਜਿਹਾ ਕਰਨਾ ਫਾਇਦੇਮੰਦ ਹੋਵੇਗਾ ਤਾਂ ਤੁਹਾਡੇ ਬੱਚੇ ਨਾਲ ਇੰਟਰਵਿਊ ਕਰੇਗੀ (ਜੇ ਤੁਹਾਡੇ ਬੱਚੇ ਦੀ ਉਮਰ 16 ਸਾਲ ਤੋਂ ਘੱਟ ਹੈ ਤਾਂ ਮਾਪੇ ਦੀ ਸਹਿਮਤੀ ਨਾਲ);
- ਕਿਸੇ ਵੀ ਅਜਿਹੀ ਜਾਣਕਾਰੀ ਬਾਰੇ ਵਿਚਾਰ ਕਰੇਗੀ ਜੋ ਤੁਸੀਂ ਜਾਂ ਤੁਹਾਡਾ ਬੱਚਾ (ਜੇ 16 ਤੋਂ ਵੱਧ ਉਮਰ ਦਾ ਹੈ) ਜਮ੍ਹਾਂ ਕਰਵਾਉਂਦੇ ਹੋ; ਅਤੇ
- ਤੁਹਾਡੀ ਬੱਚੇ ਦੀਆਂ ਮਜ਼ਬੂਤੀਆਂ ਅਤੇ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰੇਗੀ/

ਕਮੇਟੀ ਤੁਹਾਡੇ ਬੱਚੇ ਲਈ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਜਾਂ ਸੇਵਾਵਾਂ ਬਾਰੇ ਕਿਸੇ ਵੀ ਪ੍ਰਸਤਾਵ ਬਾਰੇ ਵਿਚਾਰ-ਵਟਾਂਦਰਾ ਕਰ ਸਕਦੀ ਹੈ/ ਕਮੇਟੀ ਅੱਗੇ ਸਾਰੀ ਜਾਣਕਾਰੀ ਪੇਸ਼ ਕਰਨ ਅਤੇ ਵਿਚਾਰਨ ਤੋਂ ਬਾਅਦ, IPRC ਫੈਸਲਾ ਕਰੇਗੀ ਕਿ:

a) ਕੀ ਤੁਹਾਡੇ ਬੱਚੇ ਦੀ ਪਛਾਣ ਅਸਧਾਰਣ ਵੱਜੋਂ ਕਰਨੀ ਚਾਹੀਦੀ ਹੈ। ਜੇ ਹਾਂ ਹੈ, ਤਾਂ ਕਮੇਟੀ ਨੂੰ ਓਨਟੇਰੀਓ ਦੇ ਸਿੱਖਿਆ ਮੰਤਰਾਲੇ ਵੱਲੋਂ ਮੁਹੱਈਆ ਕੀਤੇ ਮੁਤਾਬਕ ਅਸਧਾਰਣਤਾ ਦੀ ਸ਼੍ਰੇਣੀ (* ਦੁਆਰਾ ਚਿਨ੍ਹਿਤ) ਅਤੇ ਪਰਿਭਾਸ਼ਾ ਬਾਰੇ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ:

*ਵਿਹਾਰ
ਵਿਹਾਰ

*ਸਰੀਰਕ
ਅੰਨ੍ਹਾ ਅਤੇ ਘੱਟ ਨਜ਼ਰ
ਸਰੀਰਕ ਅਸਮਰਥਤਾ

*ਸੰਚਾਰ
ਮਾਨਸਿਕ ਰੋਗ
ਸੁਣਾਈ ਨਾ ਦੇਣਾ ਅਤੇ ਉੱਚਾ ਸੁਣਨਾ
ਸਿੱਖਣ ਵਿੱਚ ਅਸਮਰਥਤਾ
ਭਾਸ਼ਾ ਸੰਬੰਧੀ ਕਮਜ਼ੋਰੀ

*ਬੌਧਿਕ
ਵਿਕਾਸਾਤਮਕ ਅਸਮਰਥਤਾ
ਉਮਰ ਦੇ ਮੁਤਾਬਕ ਵੱਧ ਯੋਗਤਾ
ਹਲਕੀ ਬੌਧਿਕ ਅਸਮਰਥਤਾ

*ਬਹੁ-ਅਸਧਾਰਣਤਾ

b) ਤੁਹਾਡੇ ਉਸ ਬੱਚੇ ਲਈ ਸਭ ਤੋਂ ਢੁਕਵੀ "ਪਲੇਸਮੈਂਟ" ਜਿਸ ਨੂੰ ਅਸਧਾਰਣ ਵਜੋਂ ਪਛਾਣਿਆ ਗਿਆ ਹੈ:

- ਅਸਿੱਧੀ ਸੇਵਾ ਨਾਲ ਨਿਯਮਿਤ ਕਲਾਸਰੂਮ;
- ਰਿਸੋਰਸ ਅਸਿਸਟੈਂਸ ਦੇ ਨਾਲ-ਨਾਲ ਨਿਯਮਿਤ ਕਲਾਸਰੂਮ;
- ਵਿਦਡ੍ਰਾਅਲ ਅਸਿਸਟੈਂਸ ਦੇ ਨਾਲ-ਨਾਲ ਨਿਯਮਿਤ ਕਲਾਸਰੂਮ;
- ਅੰਸ਼ਕ ਰੂਪ ਵਿੱਚ ਏਕੀਕ੍ਰਿਤ (ਭਾਈਚਾਰਕ ਕਲਾਸ ਜਾਂ ਵਿਦਿਆਰਥੀ ਦੀਆਂ ਸਹਾਇਤਾ ਸੇਵਾਵਾਂ ਬਾਰੇ ਕਲਾਸ); ਜਾਂ
- ਆਪਣੇ ਆਪ ਪੂਰੀ ਤਰ੍ਹਾਂ ਸ਼ਮੂਲੀਅਤ ਵਾਲੀ ਵਿਸ਼ੇਸ਼ ਸਿੱਖਿਆ ਕਲਾਸ।

ਢੁਕਵੇਂ ਪ੍ਰੋਗਰਾਮ ਅਤੇ ਸੇਵਾ ਸਹਾਇਤਾ ਨਾਲ ਬੱਚੇ ਨੂੰ ਉਸ ਦੇ ਘਰੇਲੂ ਸਕੂਲ ਵਿੱਚ ਰੱਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਕਮੇਟੀ ਇਹ ਫੈਸਲਾ ਕਰਦੀ ਹੈ ਕਿ ਵਿਸ਼ੇਸ਼ ਸਿੱਖਿਆ ਪਲੇਸਮੈਂਟ ਦੀ ਲੋੜ ਹੈ ਤਾਂ ਇਹ ਪਹਿਲਾਂ ਇਸ ਬਾਰੇ ਵਿਚਾਰ ਕਰੇਗੀ ਕਿ ਕੀ ਵਿਸ਼ੇਸ਼ ਸਿੱਖਿਆ ਦੀ ਢੁਕਵੀਂ ਸਹਾਇਤਾ ਨਾਲ ਨਿਯਮਿਤ ਕਲਾਸ ਵਿੱਚ ਪਲੇਸਮੈਂਟ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਬਿਹਤਰੀਨ ਢੰਗ ਨਾਲ ਪੂਰਾ ਕਰੇਗੀ ਅਤੇ ਕੀ ਅਜਿਹੀ ਪਲੇਸਮੈਂਟ ਤੁਹਾਡੀਆਂ ਇੱਛਾਵਾਂ ਦੇ ਅਨੁਕੂਲ ਹੈ। ਜੇ

ਵਿਸ਼ੇਸ਼ ਸਿੱਖਿਆ ਕਲਾਸ ਵਿੱਚ ਪਲੇਸਮੈਂਟ ਬਾਰੇ ਫੈਸਲਾ ਕੀਤਾ ਗਿਆ ਹੈ, ਤਾਂ IPRC ਨੂੰ ਆਪਣੇ ਫੈਸਲੇ ਦੇ ਲਿਖਤੀ ਬਿਆਨ ਵਿੱਚ ਕਾਰਨ ਦਾ ਉਲੇਖ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ।

### IPRC ਦੇ ਫੈਸਲੇ ਦੇ ਲਿਖਤੀ ਬਿਆਨ ਵਿੱਚ ਕੀ ਸ਼ਾਮਲ ਹੋਵੇਗਾ?

IPRC ਦਾ ਫੈਸਲੇ ਦਾ ਲਿਖਤੀ ਬਿਆਨ:

- IPRC ਦੇ ਪਛਾਣ ਕੀਤੇ ਫੈਸਲੇ ਬਾਰੇ ਦੱਸੇਗਾ; ਕੀ ਤੁਹਾਡੇ ਬੱਚੇ ਦੀ ਪਛਾਣ ਅਸਧਾਰਣ ਹੋਣ ਵੱਜੋਂ ਕੀਤੀ ਗਈ ਹੈ;
- ਇਸ ਬਾਰੇ ਨਿਸ਼ਚਿਤ ਕਰੇਗਾ ਕਿ ਕੀ IPRC ਨੇ ਤੁਹਾਡੇ ਬੱਚੇ ਦੀ ਪਛਾਣ ਅਸਧਾਰਣ ਹੋਣ ਵੱਜੋਂ ਕੀਤੀ ਹੈ;
    - o ਅਸਧਾਰਣਤਾਵਾਂ ਦੀ ਸ਼੍ਰੇਣੀ ਅਤੇ ਪਰਿਭਾਸ਼ਾ (ਸਿੱਖਿਆ ਮੰਤਰਾਲੇ ਮੁਤਾਬਕ) ਅਤੇ;
    - o ਤੁਹਾਡੇ ਬੱਚੇ ਦੀਆਂ ਮਜਬੂਤੀਆਂ ਅਤੇ ਲੋੜਾਂ;
- IPRC ਦੇ ਪਲੇਸਮੈਂਟ ਫੈਸਲੇ ਬਾਰੇ, ਅਤੇ ਵਿਸ਼ੇਸ਼ ਸਿੱਖਿਆ ਕਲਾਸ ਵਿੱਚ ਪਲੇਸਮੈਂਟ, ਜੇ ਇਸ ਦਾ ਫੈਸਲਾ ਕੀਤਾ ਜਾਂਦਾ ਹੈ, ਦੇ ਕਾਰਨ ਦੱਸੇਗਾ; ਅਤੇ
- ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਅਤੇ ਵਿਸ਼ੇਸ਼ ਸਿੱਖਿਆ ਸੇਵਾਵਾਂ ਸਬੰਧੀ ਕੀਤੀਆਂ ਸਿਫਾਰਸ਼ਾਂ ਨੂੰ ਰਿਕਾਰਡ ਕਰੇਗਾ।

ਤੁਹਾਨੂੰ ਇਹ ਦੱਸਦੇ ਹੋਏ IPRC ਦੇ ਫੈਸਲੇ ਦੇ ਬਿਆਨ ਉੱਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ IPRC ਵੱਲੋਂ ਲਏ "ਪਛਾਣ ਅਤੇ ਪਲੇਸਮੈਂਟ" ਦੇ ਫੈਸਲਿਆਂ ਨਾਲ ਸਹਿਮਤ ਹੋ। ਤੁਸੀਂ IPRC ਦੀ ਮੀਟਿੰਗ ਵਿੱਚ ਫੈਸਲੇ ਦੇ ਬਿਆਨ ਉੱਤੇ ਦਸਤਖ਼ਤ ਕਰ ਸਕਦੇ ਹੋ, ਜਾਂ ਤੁਸੀਂ ਹੋਰ ਵਿਚਾਰ ਕਰਨ ਲਈ ਇਸ ਨੂੰ ਘਰ ਲੈ ਜਾ ਸਕਦੇ ਹੋ ਅਤੇ ਫੇਰ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨੂੰ ਵਾਪਸ ਕਰ ਸਕਦੇ ਹੋ।

## IPRC ਦੇ ਬਾਅਦ

ਜੇ IPRC ਨੇ ਤੁਹਾਡੇ ਬੱਚੇ ਦੀ ਪਛਾਣ ਅਸਧਾਰਣ ਹੋਣ ਵੱਜੋਂ ਕੀਤੀ ਹੈ ਅਤੇ ਤੁਸੀਂ IPRC ਦੇ ਪਛਾਣ ਅਤੇ ਪਲੇਸਮੈਂਟ ਦੇ ਫੈਸਲੇ ਨਾਲ ਸਹਿਮਤ ਹੋ, ਤਾਂ ਉਸ ਸਕੂਲ ਦੇ ਪ੍ਰਿੰਸੀਪਲ, ਜਿੱਥੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਮੁਹੱਈਆ ਕੀਤਾ ਜਾਵੇਗਾ, ਨੂੰ ਤੁਹਾਡੇ ਬੱਚੇ ਲਈ ਵਿਅਕਤੀਗਤ ਸਿੱਖਿਆ ਯੋਜਨਾ (IEP) ਤਿਆਰ ਕਰਨ ਦੀ ਲੋੜ ਬਾਰੇ ਸੂਚਿਤ ਕੀਤਾ ਜਾਵੇਗਾ।

ਤੁਹਾਡੇ ਬੱਚੇ ਲਈ IEP ਤੁਹਾਡੇ ਸਕੂਲ ਸਟਾਫ ਵੱਲੋਂ ਤੁਹਾਡੇ ਸਲਾਹ-ਮਸ਼ਵਰੇ ਨਾਲ ਤਿਆਰ ਕੀਤੀ ਜਾਂਦੀ ਹੈ। IEP ਵਿੱਚ ਸ਼ਾਮਲ ਹੁੰਦਾ ਹੈ:

- ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ ਬਾਰੇ ਸੰਖੇਪ ਜਾਣਕਾਰੀ ਜੋ ਦਿੱਤੀ ਜਾਵੇਗੀ;
- ਖਾਸ ਵਿਦਿਅਕ ਉਮੀਦਾਂ;
- ਕੋਈ ਵੀ ਜ਼ਰੂਰੀ ਅਨੁਕੂਲਤਾਵਾਂ ਜੋ ਵਿਸ਼ੇਸ਼ ਅਧਿਆਪਨ ਅਤੇ ਮੁਲਾਂਕਣ ਰਣਨੀਤੀਆਂ, ਮਨੁੱਖੀ ਸਹਾਇਤਾ, ਅਤੇ/ਜਾਂ ਵਿਅਕਤੀਗਤ ਬਣਾਏ ਸਾਜ਼-ਸਮਾਨ ਦਾ ਜ਼ਿਕਰ ਕਰਦੀਆਂ ਹਨ ਜਿਸ ਦੀ ਲੋੜ ਤੁਹਾਡੇ ਬੱਚੇ ਨੂੰ ਪੜ੍ਹਨ ਲਈ ਸਮਰੱਥ ਬਣਾਉਣ ਅਤੇ ਪੜ੍ਹਾਈ ਨੂੰ ਦਿਖਾਉਣ ਲਈ ਪੈਂਦੀ ਹੈ। ਅਨੁਕੂਲਤਾਵਾਂ ਗ੍ਰੇਡ ਲਈ ਸੂਬਾਈ ਪਾਠਕ੍ਰਮ ਦੀਆਂ ਉਮੀਦਾਂ ਵਿੱਚ ਤਬਦੀਲੀ ਨਹੀਂ ਕਰਦੀਆਂ;
- ਪਾਠਕ੍ਰਮ ਵਿੱਚ ਕੋਈ ਵੀ ਜ਼ਰੂਰੀ ਤਬਦੀਲੀਆਂ ਜੋ ਅਜਿਹੀਆਂ ਤਬਦੀਲੀਆਂ ਹੁੰਦੀਆਂ ਹਨ ਜੋ ਵਿਦਿਆਰਥੀ ਦੀਆਂ ਪੜ੍ਹਾਈ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇ ਜਾਂ ਕੋਰਸ ਲਈ ਗ੍ਰੇਡ-ਪੱਧਰ ਦੀਆਂ ਉਮੀਦਾਂ ਲਈ ਕੀਤੀਆਂ

ਜਾਂਦੀਆ ਹਨ। ਪਾਠਕ੍ਰਮ ਵਿੱਚ ਇਹਨਾਂ ਤਬਦੀਲੀਆਂ ਵਿੱਚ ਵੱਖ-ਵੱਖ ਗ੍ਰੇਡ ਪੱਧਰ ਅਤੇ/ਜਾਂ ਨੰਬਰ ਦੇ ਘਟਣ ਜਾਂ ਵਧਣ ਅਤੇ/ਜਾਂ ਨਿਯਮਿਤ ਗ੍ਰੇਡ ਪੱਧਰ ਪਾਠਕ੍ਰਮ ਦੀਆਂ ਉਮੀਦਾਂ ਦੀ ਪੇਚੀਦਗੀ ਸ਼ਾਮਲ ਹੋ ਸਕਦੀ ਹੈ;

- ਪ੍ਰਗਤੀ ਦੀ ਸਮੀਖਿਆ ਲਈ ਵਰਤੇ ਜਾਂਦੇ ਤਰੀਕਿਆਂ ਬਾਰੇ ਇੱਕ ਬਿਆਨ; ਅਤੇ
- 14 ਅਤੇ ਵੱਧ ਉਮਰ ਵਾਲੇ ਵਿਦਿਆਰਥੀਆਂ ਲਈ ਪੋਸਟ-ਸੈਕੰਡਰੀ ਸਕੂਲ ਗਤੀਵਿਧੀਆਂ (ਮਿਸਾਲ ਲਈ ਕੰਮ, ਅਗਲੇਰੀ ਸਿੱਖਿਆ, ਅਤੇ ਭਾਈਚਾਰਕ ਨਿਰਬਾਹ) ਵਿੱਚ ਤਬਦੀਲ ਕਰਨ ਲਈ ਯੋਜਨਾ।

IEP ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਿੱਚ ਪਾਏ ਜਾਣ ਤੋਂ ਬਾਅਦ 30 ਸਕੂਲੀ ਦਿਨਾਂ ਅੰਦਰ ਲਾਜ਼ਮੀ ਤੌਰ 'ਤੇ ਮੁਕੰਮਲ ਹੋਣੀ ਚਾਹੀਦੀ ਹੈ। ਪ੍ਰਿੰਸੀਪਲ ਇਹ ਦੇਖੇਗਾ ਕਿ ਤੁਹਾਨੂੰ IEP ਅਤੇ ਇਸ ਦੇ ਨਾਲ-ਨਾਲ ਕਿਤਾਬਚਾ, ਮਾਪਿਆਂ ਲਈ ਇੱਕ IEP ਗਾਈਡ ਮਿਲੇ ਜੋ IEP ਦੇ ਉਦੇਸ਼ਾਂ, IEP ਬਾਰੇ ਪ੍ਰਕਿਰਿਆ ਅਤੇ ਜਾਣਕਾਰੀ ਬਾਰੇ ਸੰਖੇਪ ਵਿਵਰਨ ਦਿੰਦੀ ਹੈ।

## ਜੇ ਮੈਂ IPRC ਦੇ ਫੈਸਲੇ(ਫੈਸਲਿਆਂ) ਨਾਲ ਸਹਿਮਤ ਨਹੀਂ ਹਾਂ ਤਾਂ ਕੀ ਹੁੰਦਾ ਹੈ?

ਤੁਸੀਂ IPRC ਨਾਲ ਦੁਬਾਰਾ ਮੁਲਾਕਾਤ ਕਰਨ ਲਈ ਕਹਿ ਸਕਦੇ ਹੋ। ਤੁਹਾਨੂੰ ਲਾਜ਼ਮੀ ਤੌਰ 'ਤੇ IPRC ਦਾ ਅਸਲ ਫੈਸਲਾ ਮਿਲਣ ਦੇ 15 ਦਿਨਾਂ ਅੰਦਰ ਹੀ ਅਜਿਹਾ ਕਰਨਾ ਚਾਹੀਦਾ ਹੈ। ਇਸ ਫਾਲੋ-ਅੱਪ ਮੀਟਿੰਗ ਦਾ ਉਦੇਸ਼ ਤੁਹਾਡੀਆਂ ਚਿੰਤਾਵਾਂ - ਜਾਂ ਤੁਹਾਡੇ ਬੱਚੇ ਦੀਆਂ ਚਿੰਤਾਵਾਂ, ਜੇ ਉਸ ਦੀ ਉਮਰ 16 ਸਾਲ ਜਾਂ ਇਸ ਤੋਂ ਜ਼ਿਆਦਾ ਹੈ - ਦੇ ਸੰਦਰਭ ਵਿੱਚ IPRC ਵੱਲੋਂ ਲਏ ਗਏ ਫੈਸਲਿਆਂ ਦੀ ਸਮੀਖਿਆ ਕਰਨਾ ਹੈ।

ਮੀਟਿੰਗ ਬੇਨਤੀ ਪ੍ਰਾਪਤ ਕਰਨ ਤੋਂ ਬਾਅਦ ਛੇਤੀ ਤੋਂ ਛੇਤੀ ਕਰਵਾਈ ਜਾਵੇਗੀ। ਇਸ ਮੀਟਿੰਗ ਵਿੱਚ ਤੁਸੀਂ ਕਮੇਟੀ ਨੂੰ ਆਪਣੀਆਂ ਚਿੰਤਾਵਾਂ ਬਾਰੇ ਦੱਸ ਸਕੋਗੇ। ਕਮੇਟੀ ਤੁਹਾਡੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣੇਗੀ ਅਤੇ ਉਸ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰੇਗੀ। IPRC ਤੁਹਾਡੇ ਮੌਜੂਦ ਹੋਣ ਸਮੇਂ ਇਹ ਫੈਸਲਾ ਕਰੇਗੀ ਕਿ ਕੀ ਇਸ ਨੇ ਆਪਣਾ(ਣੇ) ਫੈਸਲਾ(ਲੇ) ਬਦਲਣਾ(ਣੇ) ਹੈ(ਹਨ) ਜਾਂ ਨਹੀਂ। ਜੇ ਤੁਸੀਂ ਫੇਰ ਵੀ ਅਸੰਤੁਸ਼ਟ ਰਹਿੰਦੇ ਹੋ, ਤਾਂ ਤੁਸੀਂ IPRC ਦੇ ਫੈਸਲੇ(ਫੈਸਲਿਆਂ) ਵਿਰੁੱਧ ਅਪੀਲ ਕਰ ਸਕਦੇ ਹੋ।

## ਮੈਂ IPRC ਦੇ ਫੈਸਲੇ ਵਿਰੁੱਧ ਅਪੀਲ ਕਿਵੇਂ ਕਰਾਂ?

ਜੇ ਤੁਸੀਂ ਜਾਂ ਤੁਹਾਡਾ ਬੱਚਾ (16 ਸਾਲ ਜਾਂ ਇਸ ਤੋਂ ਵੱਧ ਉਮਰ ਦਾ) IPRC ਦੇ ਫੈਸਲੇ(ਫੈਸਲਿਆਂ) ਨਾਲ ਅਸਹਿਮਤ ਹੁੰਦਾ ਹੈ ਤਾਂ ਤੁਸੀਂ:

- IPRC ਦੇ ਅਸਲ ਫੈਸਲੇ ਮਿਲਣ ਦੇ 30 ਦਿਨਾਂ ਅੰਦਰ, ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੇ ਡਾਇਰੈਕਟਰ/ਸੈਕ੍ਰੇਟਰੀ ਨੂੰ, 60 Wellington St. W., Aurora, ON, L4G 3H2 ਕੋਲ ਅਪੀਲ ਦਾ ਲਿਖਤੀ ਨੋਟਿਸ ਦਾਇਰ ਕਰ ਸਕਦੇ ਹੋ; ਜਾਂ
- IPRC ਦੀ ਦੂਜੀ ਮੀਟਿੰਗ ਦਾ ਫੈਸਲਾ ਮਿਲਣ ਦੇ 15 ਦਿਨਾਂ ਅੰਦਰ ਉਪਰੋਕਤ ਪਤੇ 'ਤੇ ਬੋਰਡ ਦੇ ਡਾਇਰੈਕਟਰ/ਸੈਕ੍ਰੇਟਰੀ ਕੋਲ ਅਪੀਲ ਦਾ ਲਿਖਤੀ ਨੋਟਿਸ ਦਾਇਰ ਕਰ ਸਕਦੇ ਹੋ।

ਆਪਣੀ ਅਪੀਲ ਦੀ ਚਿੱਠੀ ਵਿੱਚ, ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਦੱਸਣਾ ਚਾਹੀਦਾ ਹੈ ਕਿ ਤੁਸੀਂ IPRC ਦੇ ਕਿਹੜੇ ਫੈਸਲੇ ਵਿਰੁੱਧ ਅਪੀਲ ਕਰ ਰਹੇ ਹੋ ਅਤੇ ਕਮੇਟੀ ਨਾਲ ਅਸਹਿਮਤ ਹੋਣ ਦੇ ਤੁਹਾਡੇ ਕੀ ਕਾਰਨ ਹਨ।

## ਅਪੀਲ ਬੋਰਡ ਦੇ ਮੈਂਬਰ ਕੌਣ ਹਨ?

ਵਿਸ਼ੇਸ਼ ਸਿੱਖਿਆ ਅਪੀਲ ਬੋਰਡ ਵਿੱਚ ਤਿੰਨ ਮੈਂਬਰ ਸ਼ਾਮਲ ਹੁੰਦੇ ਹਨ, ਜਿਹਨਾਂ ਵਿੱਚੋਂ ਕਿਸੇ ਦੀ ਵੀ ਅਪੀਲ ਤਹਿਤ ਮਾਮਲੇ ਵਿੱਚ ਕੋਈ ਅਗਾਊਂ ਸ਼ਮੂਲੀਅਤ ਨਹੀਂ ਹੋਈ ਹੁੰਦੀ ਹੈ। ਕਮੇਟੀ ਵਿੱਚ ਇਹ ਲੋਕ ਹੁੰਦੇ ਹਨ:

- ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੁਆਰਾ ਚੁਣਿਆ ਇੱਕ ਮੈਂਬਰ;
- ਤੁਹਾਡੇ, ਮਾਪਿਆਂ ਵੱਲੋਂ ਚੁਣਿਆ ਇੱਕ ਮੈਂਬਰ; ਅਤੇ
- ਇੱਕ ਚੇਅਰਪਰਸਨ ਜਿਸ ਦੀ ਚੋਣ ਦੂਜੇ ਦੋ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ, ਜਾਂ ਜੇਕਰ ਦੋ ਮੈਂਬਰ ਚੇਅਰਪਰਸਨ ਬਾਰੇ ਸਹਿਮਤ ਨਹੀਂ ਹੋ ਸਕਦੇ ਤਾਂ ਸਿੱਖਿਆ ਮੰਤਰਾਲੇ ਦੇ ਸਬੰਧਤ ਡਿਸਟ੍ਰਿਕਟ ਮੈਨੇਜਰ ਵੱਲੋਂ ਕੀਤੀ ਜਾਂਦੀ ਹੈ।

## ਅਪੀਲ ਬੋਰਡ ਕੀ ਕਰਦਾ ਹੈ?

ਅਪੀਲ ਬੋਰਡ ਦਾ ਚੇਅਰਪਰਸਨ ਚੁਣੇ ਜਾਣ ਦੇ 30 ਦਿਨਾਂ ਅੰਦਰ ਅਪੀਲ ਬੋਰਡ ਦੀ ਮੀਟਿੰਗ ਦਾ ਇੰਤਜ਼ਾਮ ਕਰੇਗਾ। ਇਸ ਮੀਟਿੰਗ ਵਿੱਚ, ਅਪੀਲ ਬੋਰਡ ਨੂੰ IPRC ਵੱਲੋਂ ਸਮੀਖਿਆ ਕੀਤੀ ਸਮੱਗਰੀ ਪ੍ਰਾਪਤ ਕਰੇਗਾ ਅਤੇ ਇਸ ਦੀ ਸਮੀਖਿਆ ਕਰੇਗਾ ਅਤੇ ਕਿਸੇ ਵੀ ਅਜਿਹੇ ਵਿਅਕਤੀ ਨਾਲ ਇੰਟਰਵਿਊ ਕਰ ਸਕਦਾ ਹੈ ਜੋ ਮਾਮਲੇ ਬਾਰੇ ਜਾਣਕਾਰੀ ਲਈ ਯੋਗਦਾਨ ਪਾ ਸਕਦਾ ਹੈ। ਤੁਹਾਨੂੰ ਅਤੇ ਤੁਹਾਡੇ ਬੱਚੇ (16 ਸਾਲ ਤੋਂ ਵੱਧ ਉਮਰ ਦੇ) ਨੂੰ ਸਾਰੇ ਵਿਚਾਰ-ਵਟਾਂਦਰਿਆਂ ਲਈ ਆਉਣ ਅਤੇ ਭਾਗ ਲੈਣ ਲਈ ਸੱਦਿਆ ਜਾਵੇਗਾ।

ਮੀਟਿੰਗ ਦੀ ਸਮਾਪਤੀ ਦੇ ਤਿੰਨ ਦਿਨਾਂ ਅੰਦਰ, ਅਪੀਲ ਬੋਰਡ ਆਪਣੀ(ਆਂ) ਸਿਫਾਰਸ਼(ਸ਼ਾਂ) ਦੇਵੇਗਾ। ਇਹ:

- IPRC ਨਾਲ ਸਹਿਮਤ ਹੋ ਸਕਦਾ ਹੈ ਅਤੇ ਫੈਸਲੇ ਨੂੰ ਲਾਗੂ ਕਰਨ ਲਈ ਸਿਫਾਰਸ਼ ਕਰ ਸਕਦਾ ਹੈ; ਜਾਂ
- IPRC ਨਾਲ ਅਸਹਿਮਤ ਹੋ ਸਕਦਾ ਹੈ ਅਤੇ ਤੁਹਾਡੇ ਬੱਚੇ ਦੀ ਪਛਾਣ, ਪਲੇਸਮੈਂਟ ਜਾਂ ਦੋਵਾਂ ਬਾਰੇ ਬੋਰਡ ਨੂੰ ਸਿਫਾਰਸ਼ ਕਰ ਸਕਦਾ ਹੈ। ਅਪੀਲ ਬੋਰਡ ਆਪਣੀਆਂ ਸਿਫਾਰਸ਼ਾਂ ਅਤੇ ਕਾਰਨਾਂ ਦੀ ਰਿਪੋਰਟ ਲਿਖਤੀ ਰੂਪ ਵਿੱਚ ਤੁਹਾਨੂੰ ਅਤੇ ਬੋਰਡ ਨੂੰ ਦੇਵੇਗਾ।

## ਅਪੀਲ ਬੋਰਡ ਦੀਆਂ ਸਿਫਾਰਸ਼ਾਂ ਕਿਵੇਂ ਲਾਗੂ ਕੀਤੀਆਂ ਜਾਂਦੀਆਂ ਹਨ?

- ਅਪੀਲ ਬੋਰਡ ਦਾ ਲਿਖਤੀ ਬਿਆਨ ਪ੍ਰਾਪਤ ਕਰਨ ਦੇ 30 ਦਿਨਾਂ ਅੰਦਰ ਬੋਰਡ ਇਹ ਫੈਸਲਾ ਕਰੇਗਾ ਕਿ ਸਿਫਾਰਸ਼ਾਂ ਦੇ ਸਬੰਧ ਵਿੱਚ ਕਿਹੜਾ ਫੈਸਲਾ ਕਰਨਾ ਹੈ। (ਕਿਰਪਾ ਕਰਕੇ ਧਿਆਨ ਦਿਓ: ਸਕੂਲ ਬੋਰਡਾਂ ਨੂੰ ਅਪੀਲ ਬੋਰਡਾਂ ਦੀ ਸਿਫਾਰਸ਼ ਮੰਨਣੀ ਜ਼ਰੂਰੀ ਨਹੀਂ ਹੁੰਦੀ)
- ਤੁਸੀਂ ਬੋਰਡ ਦੇ ਫੈਸਲੇ ਨੂੰ ਸਵੀਕਾਰ ਕਰ ਸਕਦੇ ਹੋ ਜਾਂ ਵਿਸ਼ੇਸ਼ ਐਜੂਕੇਸ਼ਨਲ ਟ੍ਰਿਬਿਊਨਲ ਦੇ ਸੈਕ੍ਰੇਟਰੀ ਨੂੰ ਲਿਖ ਕੇ ਇਸ ਲਈ ਅਪੀਲ ਕਰ ਸਕਦੇ ਹੋ। ਟ੍ਰਿਬਿਊਨਲ ਨੂੰ ਦਰਖਾਸਤ ਦੇਣ ਬਾਰੇ ਜਾਣਕਾਰੀ ਅਪੀਲ ਬੋਰਫ ਦੇ ਫੈਸਲੇ ਵਿੱਚ ਸ਼ਾਮਲ ਕੀਤੀ ਜਾਵੇਗੀ।

## ਪਛਾਣ ਅਤੇ ਪਲੇਸਮੈਂਟਾਂ ਦੀ ਸਮੀਖਿਆ ਕਿਵੇਂ ਕੀਤੀ ਜਾਂਦੀ ਹੈ?

ਤੁਹਾਡੇ ਬੱਚੇ ਦੇ ਤਿੰਨ ਮਹੀਨਿਆਂ ਲਈ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਿੱਚ ਹੋਣ ਤੋਂ ਬਾਅਦ ਤੁਸੀਂ ਸਮੀਖਿਆ ਲਈ ਬੇਨਤੀ ਕਰ ਸਕਦੇ ਹੋ। ਸਮੀਖਿਆ ਵਾਲੀ IPRC ਨਵੀਂ ਜਾਣਕਾਰੀ ਦੇ ਸੰਦਰਭ ਵਿੱਚ ਅਸਲ ਪਲੇਸਮੈਂਟ ਅਤੇ ਪਛਾਣ ਫੈਸਲਿਆਂ ਦੀ ਸਮੀਖਿਆ ਕਰੇਗੀ ਅਤੇ ਫੈਸਲਾ ਕਰੇਗੀ ਕਿ ਕੀ ਉਹਨਾਂ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਾਂ ਕੀ ਕੋਈ ਵੱਖਰਾ ਫੈਸਲਾ ਉਚਿਤ ਹੈ।

ਹਰੇਕ ਸਕੂਲੀ ਸਾਲ ਵਿੱਚ ਇੱਕ ਸੀਖਿਆ IPRC ਮੀਟਿੰਗ ਕਰਵਾਈ ਜਾਵੇਗੀ।

- ਜੇ ਤੁਹਾਡਾ ਬੱਚਾ ਕਮਿਊਨਿਟੀ ਕਲਾਸ ਵਿੱਚ ਹੈ ਜਾਂ ਪਛਾਣ ਜਾਂ ਪਲੇਸਮੈਂਟ ਵਿੱਚ ਤਬਦੀਲੀ ਹੋਈ ਹੈ, ਤਾਂ ਸਲਾਨਾ ਤੌਰ 'ਤੇ ਰਸਮੀ IPRC ਕਰਵਾਈ ਜਾਵੇਗੀ ਅਤੇ ਤੁਹਾਨੂੰ IPRC ਲਈ ਸੱਦੇ ਦੀ ਇੱਕ ਚਿੱਠੀ ਮਿਲੇਗੀ।
- ਜੇ ਤੁਹਾਡਾ ਬੱਚਾ ਕਮਿਊਨਿਟੀ ਕਲਾਸ ਵਿੱਚ ਨਹੀਂ ਹੈ ਅਤੇ ਸਕੂਲ ਮੌਜੂਦਾ ਪਲੇਸਮੈਂਟ ਅਤੇ ਪਛਾਣ ਜਾਰੀ ਰੱਖਣ ਦੀ ਸਿਫਾਰਸ਼ ਕਰਦਾ ਹੈ ਤਾਂ ਫੇਰ ਤੁਹਾਨੂੰ IPRC ਦੀ ਪਛਾਣ ਅਤੇ ਪਲੇਸਮੈਂਟ ਜਾਰੀ ਰੱਖਣ ਲਈ ਪੁਸ਼ਟੀ ਦੀ ਇੱਕ ਚਿੱਠੀ ਮਿਲੇਗੀ ਜੋ ਮਾਪਿਆਂ ਨੂੰ ਇਸ ਵਿਕਲਪ ਦੀ ਖੁੱਲ੍ਹ ਦਿੰਦੀ ਹੈ:
    - o ਰਸਮੀ IPRC ਮੀਟਿੰਗ ਲਈ ਬੇਨਤੀ ਕਰਨ ਦੀ; ਜਾਂ
    - o ਮੀਟਿੰਗ ਨਾ ਕਰਨ ਦਾ, ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਲਈ ਮੌਜੂਦਾ ਪਛਾਣ ਅਤੇ ਪਲੇਸਮੈਂਟ ਰਾਹੀਂ ਚੰਗੀ ਤਰ੍ਹਾਂ ਨਾਲ ਸੇਵਾ ਨਿਭਾਈ ਜਾ ਰਹੀ ਹੈ।

## ਕਿਹੜੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ?

ਸਾਰੀਆਂ ਅਸਧਾਰਣਤਾਵਾਂ ਵਾਲੇ ਵਿਦਿਆਰਥੀਆਂ ਲਈ ਬੋਰਡ ਵਿਸ਼ੇਸ਼ ਸਿੱਖਿਆ ਵਿੱਚ ਮੁਕੰਮਲ ਕਿਸਮ ਦੇ ਪ੍ਰੋਗਰਾਮ ਵਿਕਲਪਾਂ ਦੀ ਪੇਸ਼ਕਸ਼ ਕਰਦਾ ਹੈ। ਪ੍ਰੋਗਰਾਮ ਵਿਕਲਪਾਂ ਵਿੱਚ ਕਲਾਸ ਵਿੱਚ ਸਹਾਇਤਾ ਨਾਲ ਨਿਯਮਿਤ ਕਲਾਸਰੂਮ ਸੈਟਿੰਗਾਂ, ਅਤੇ/ਜਾਂ ਪੜ੍ਹਾਈ ਲਈ ਕਲਾਸਰੂਮ ਤੋਂ ਹਟਾਉਣਾ, ਜਾਂ ਵਿਸ਼ੇਸ਼ ਸਿੱਖਿਆ ਵਾਲੀ ਅੰਸ਼ਕ ਰੂਪ ਵਿੱਚ ਏਕੀਕ੍ਰਿਤ ਕਲਾਸ ਸ਼ਾਮਲ ਹੈ। ਏਕੀਕਰਨ ਮੌਕੇ ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਸਾਰੇ ਵਿਦਿਆਰਥੀਆਂ ਲਈ ਮੁਹੱਈਆ ਕੀਤੇ ਜਾਂਦੇ ਹਨ। ਵਿਦਿਆਰਥੀ ਸੇਵਾਵਾਂ ਦਾ ਵਸੀਲੇ ਵਾਲਾ ਸਟਾਫ ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਲਈ ਮਿਆਰੀ ਪ੍ਰੋਗਰਾਮਾਂ ਦੇ ਵਿਕਾਸ ਦੀ ਸਹਾਇਤਾ ਲਈ ਉਪਲਬਧ ਹੈ।

ਵਿਸ਼ੇਸ਼ ਸਿੱਖਿਆ ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਤੁਸੀਂ ਬੋਰਡ ਦੀ ਵਿਸ਼ੇਸ਼ ਸਿੱਖਿਆ ਯੋਜਨਾ ਦੀ ਸਮੀਖਿਆ ਕਰ ਸਕਦੇ ਹੋ ਜੋ ਬੋਰਡ ਦੀ ਵੈਬਸਾਈਟ www.yrdsb.ca 'ਤੇ ਆਨਲਾਈਨ, ਤੁਹਾਡੇ ਸਥਾਨਕ ਸਕੂਲ ਵਿਖੇ ਜਾਂ ਇਸ ਨਾਲ ਸੰਪਰਕ ਕਰਕੇ ਉਪਲਬਧ ਹੈ:

- ਤੁਹਾਡੇ ਬੱਚੇ ਦੇ ਸਕੂਲ ਦਾ ਪ੍ਰਿੰਸੀਪਲ;
- ਤੁਹਾਡਾ ਸਕੂਲਾਂ ਦਾ ਸੁਪਰਿਨਟੇਨਡੇਂਟ; ਜਾਂ
- ਵਿਦਿਆਰਥੀ ਸੇਵਾਵਾਂ:

York Region District School Board
Centre for Leadership and Learning
300 Harry Walker Parkway South,
Newmarket, ON L3Y 8E2
(905) 727-0022 ਜਾਂ (416) 969-7170 ਐਕਸਟੈਨਸ਼ਨ 3235

## ਕਿਹੜੇ ਸੰਗਠਨ ਮਾਪਿਆਂ ਦੀ ਸਹਾਇਤਾ ਕਰ ਸਕਦੇ ਹਨ?

ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਨ ਲਈ ਬਹੁਤ ਸਾਰੇ ਸੰਗਠਨ ਮੌਜੂਦ ਹਨ। ਮਿਸਾਲ ਲਈ, ਵਿਸ਼ੇਸ਼ ਸਿੱਖਿਆ ਸਲਾਹਕਾਰੀ ਕਮੇਟੀ ਨਾਲ ਸੰਬੰਧਿਤ ਗਰੁੱਪ ਦੇਖੋ।

## ਮੰਤਰਾਲੇ ਦੇ ਪ੍ਰੋਵਿਨਸ਼ੀਅਲ (ਸੂਬਾਈ) ਅਤੇ ਡਿਮਾਨਸਟ੍ਰੇਸ਼ਨ (ਪ੍ਰਦਰਸ਼ਨੀ) ਸਕੂਲ

ਸਿੱਖਿਆ ਮੰਤਰਾਲਾ ਸਮੁੱਚੇ ਓਨਟੇਰੀਓ ਵਿੱਚ ਉਹਨਾਂ ਵਿਦਿਆਰਥੀਆਂ ਲਈ ਪ੍ਰੋਵਿਨਸ਼ੀਅਲ ਅਤੇ ਡਿਮਾਨਸਟ੍ਰੇਸ਼ਨ ਸਕੂਲ ਚਲਾਉਂਦਾ ਹੈ ਜੋ ਬਹਿਰੇ, ਨੇਤਰਹੀਣ, ਬਹਿਰੇ-ਨੇਤਰਹੀਣ, ਅਤੇ ਸਿੱਖਣ ਲਈ ਅਤਿਅੰਤ ਅਸਮਰੱਥ ਹੁੰਦੇ ਅਤੇ ਇਸ ਤੋਂ ਇਲਾਵਾ ਜਿਹਨਾਂ ਨੂੰ ਅਟੈਨਸ਼ਨ ਡੈਫਿਸਿਟ ਹਾਈਪਰਐਕਟੀਵਿਟੀ ਡਿਸਆਰਡਰ (ADHD) ਨਾਲ ਸਬੰਧਤ ਸਿੱਖਣ ਦੀਆਂ ਅਸਮਰੱਥਾਵਾਂ ਹਨ। ਸਕੂਲਾਂ ਵਿੱਚ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਉਹਨਾਂ ਬੱਚਿਆ ਲਈ ਰਿਹਾਇਸ਼ੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜੋ ਰੋਜ਼ਾਨਾ ਸਫਰ ਲਈ ਸਕੂਲ ਤੋਂ ਕਾਫੀ ਦੂਰ ਰਹਿੰਦੇ ਹਨ।

## ਸਿੱਖਣ ਦੀਆਂ ਗੰਭੀਰ ਅਸਮਰਥਾਵਾਂ ਵਾਲੇ ਅਤੇ ADHD ਨਾਲ ਸਬੰਧਤ ਸਿੱਖਣ ਦੀਆਂ ਅਸਮਰਥਾਵਾਂ ਵਾਲੇ ਅੰਗਰੇਜ਼ੀ ਬੋਲਦੇ ਵਿਦਿਆਰਥੀਆਂ ਲਈ ਡਿਮਾਨਸਟ੍ਰੇਸ਼ਨ ਸਕੂਲ:

Sagonaska School
350 Dundas St. West
Belleville ON, K8P 1B2
ਫੋਨ: (613) 967-2830

Amethyst School
1090 Highbury Ave.
London ON, N5Y 4V9
ਫੋਨ: (519) 453-4408

Trillium School
347 Ontario St. South
Milton ON, L9T 3X9
ਫੋਨ: (905) 878-8428

## ਬਹਿਰੇ ਲੋਕਾਂ ਦੇ ਲਈ ਸਕੂਲ

Ernest C. Drury School
255 Ontario Street South
Milton ON, L9T 2M5
ਫੋਨ: (905) 878-2851
TTY: (905) 878-7195

Robarts School
1090 Highbury Avenue
PO Box 7360, Station E

London ON, N5Y 4V9
ਫੋਨ ਅਤੇ TTY: (519) 453-4400

Sir James Whitney School
350 Dundas Str. West
Belleville ON, K8P 1B2
ਫੋਨ ਅਤੇ TTY: (613) 967-2823

### ਅੰਨ੍ਹੇ ਅਤੇ ਅੰਨ੍ਹੇ-ਬੋਲ਼ੇ ਲੋਕਾਂ ਲਈ ਸਕੂਲ

W. Ross Macdonald School
350 Brant Avenue
Brantford ON, N3T 3J9
ਫੋਨ: (519) 759-0730

### ਬੋਲ਼ੇ ਅਤੇ ਸੁਣਨ ਦੀਆਂ ਅਸਮਰਥਤਾਵਾਂ ਵਾਲੇ ਲੋਕਾਂ ਲਈ ਫ੍ਰੈਂਕੋਫੋਨ ਸਕੂਲ:

Centre Jules-Leger
281 rue Lanark
Ottawa ON, K1Z 6R8
ਫੋਨ: (613) 761-9300
TTY: (613) 761-9302 ਅਤੇ 761-9304

ਬੇਨਤੀ ਕਰਨ 'ਤੇ ਬ੍ਰੇਲ ਵਿੱਚ, ਵੱਡੇ ਅੱਖਰਾਂ ਵਿੱਚ ਜਾਂ ਆਡੀਓ ਕੈਸੇਟ 'ਤੇ ਉਪਲਬਧ ਹੈ

## ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨਾ

ਓਨਟੇਰੀਓ ਦੇ ਐਜੂਕੇਸ਼ਨ ਐਕਟ ਤਹਿਤ, ਵਿਸ਼ੇਸ਼ ਵਿਦਿਅਕ ਲੋੜਾਂ ਵਾਲਾ ਹਰੇਕ ਵਿਦਿਆਰਥੀ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਹੱਕਦਾਰ ਹੁੰਦਾ ਹੈ। ਯੌਰਕ ਖੇਤਰ ਵਿੱਚ, ਵਿਸ਼ੇਸ਼ ਸਿੱਖਿਆ ਸਲਾਹਕਾਰ ਕਮੇਟੀ (SEAC) ਬੋਰਡ ਦੀ ਕਾਨੂੰਨੀ ਤੌਰ 'ਤੇ ਅਧਿਕਾਰ ਪ੍ਰਾਪਤ ਕਮੇਟੀ ਹੈ ਅਤੇ ਇਸ ਵਿੱਚ ਤਿੰਨ ਨਿਯੁਕਤ ਕੀਤੇ ਟਰੱਸਟੀ ਸ਼ਾਮਲ ਹਨ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਕਿ ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਢੁਕਵੀਆਂ ਵਿਦਿਅਕ ਸੇਵਾਵਾਂ ਪ੍ਰਾਪਤ ਹੋਣ।

SEAC ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਕਾਇਮ ਕਰਨ ਅਤੇ ਇਹਨਾਂ ਦਾ ਵਿਕਾਸ ਕਰਨ ਦੇ ਸਬੰਧ ਵਿੱਚ ਬੋਰਡ ਨੂੰ ਸਿਫਾਰਸ਼ਾਂ ਕਰ ਸਕਦੀ ਹੈ। SEAC ਉਹਨਾਂ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਜਾਣਕਾਰੀ, ਸਲਾਹ ਅਤੇ ਸਹਾਇਤਾ ਮੁਹੱਈਆ ਕਰਦੀ ਹੈ ਜਿਹਨਾਂ ਦੇ ਬੱਚਿਆਂ ਨੂੰ ਵਧੀਕ ਸਹਾਇਤਾ ਦੀ ਲੋੜ ਪੈ ਸਕਦੀ ਹੈ।

## ਵਿਸ਼ੇਸ਼ ਸਿੱਖਿਆ ਵਚਨਬੱਧ ਹੈ:

- ਵਿਦਿਆਰਥੀਆਂ ਲਈ ਪ੍ਰੋਗਰਾਮ ਬਣਾਉਣ ਵਿੱਚ ਰੋਕਥਾਮਕ ਪਹੁੰਚ ਦੀ ਸਹਾਇਤਾ ਕਰਨ ਲਈ;
- ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਭ ਤੋਂ ਸਮਰੱਥ ਮਾਹੌਲ ਮੁਹੱਈਆ ਕਰਨ ਲਈ;
- ਵਿਦਿਆਰਥੀਆਂ ਦੀਆਂ ਲੋੜਾਂ ਦੀ ਪ੍ਰਤਿਕਿਰਿਆ ਵੱਜੋਂ ਸੇਵਾ ਪ੍ਰਦਾਨਗੀ ਵਿਕਲਪਾਂ ਦਾ ਮੁਕੰਮਲ ਸਿਲਸਿਲਾ ਮੁਹੱਈਆ ਕਰਨ ਲਈ;
- ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਲਈ ਮਿਆਰੀ ਪ੍ਰੋਗਰਾਮਾਂ ਦੇ ਵਿਕਾਸ ਵਿੱਚ ਸਹਾਇਤਾ ਲਈ ਵਸੀਲੇ ਵਾਲਾ ਸਟਾਫ ਮੁਹੱਈਆ ਕਰਨ ਲਈ;
- ਅਰਥਪੂਰਨ ਸ਼ਮੂਲੀਅਤ ਅਤੇ ਸਕੂਲੀ ਭਾਈਚਾਰੇ ਵਿੱਚ ਹੋਰਨਾਂ ਨਾਲ ਪਰਸਪਰ ਮੇਲ-ਜੋਲ ਦੇ ਜ਼ਰੀਏ ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਲਈ ਏਕੀਕਰਨ ਅਤੇ ਉਹਨਾਂ ਨੂੰ ਸ਼ਾਮਲ ਕਰਨ ਲਈ;
- ਵਿਸ਼ੇਸ਼ ਸਿੱਖਿਆ ਸ੍ਰੋਤ ਅਤੇ ਨਿਯਮਿਤ ਸਟਾਫ ਦਰਮਿਆਨ ਸਹਿਯੋਗਾਤਮਕ ਯੋਜਨਾ ਲਈ; ਅਤੇ
- ਨਿਰੀਖਣ ਲਈ ਅਤੇ ਭਾਈਵਾਲੀਆਂ ਕਾਇਮ ਕਰਨ ਲਈ/

## ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ!

ਸਾਰੇ ਮਾਪਿਆਂ ਅਤੇ ਭਾਈਚਾਰੇ ਦੇ ਦਿਲਚਸਪੀ ਰੱਖਣ ਵਾਲੇ ਵਸਨੀਕਾਂ ਦਾ ਵਿਸ਼ੇਸ਼ ਸਿੱਖਿਆ ਸਲਾਹਕਾਰ ਕਮੇਟੀ ਮੀਟਿੰਗਾਂ ਵਿੱਚ ਆਉਣ ਅਤੇ ਉਹਨਾਂ ਨੂੰ ਦੇਖਣ ਲਈ ਸਵਾਗਤ ਕੀਤਾ ਜਾਂਦਾ ਹੈ/

SEAC ਆਮ ਤੌਰ 'ਤੇ ਹਰ ਮਹੀਨੇ ਦੇ ਮਹਿਲੇ ਵੀਰਵਾਰ ਸ਼ਾਮ 7 ਵਜੇ ਤੋਂ ਸ਼ੁਰੂ ਕਰਦੇ ਹੋਏ ਇਸ ਪਤੇ 'ਤੇ ਮੀਟਿੰਗ ਕਰਦੀ ਹੈ:

The Education Centre, Aurora,
60 Wellington Street West L4G 3H2 (ਵੈਲਿੰਗਟਨ 'ਤੇ, Yonge Street ਦੇ ਪੱਛਮ ਵੱਲ)।
ਮੀਟਿੰਗ ਦਾ ਕਾਰਜਕ੍ਰਮ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਹੈ
www.yrdsb.ca.

## ਹੋਰ ਜਾਣਕਾਰੀ ਚਾਹੀਦੀ ਹੈ?

SEAC ਜਾਂ Board ਦੇ ਵਿਸ਼ੇਸ਼ ਸਿੱਖਿਆ ਦੇ ਪ੍ਰੋਗਰਾਮ ਅਤੇ ਸੇਵਾਵਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ? ਕਿਰਪਾ ਕਰਕੇ ਫੋਨ ਕਰੋ:

ਸਟੂਡੇਂਟ ਸਰਵਿਸਿਜ਼ ਦੇ ਸੁਪਰਿਨਟੇਨਡੇਂਟ
(416) 969-7170 ਜਾਂ (905) 727-0022, ਐਕਸਟੈਨਸ਼ਨ 3235

ਸਟੂਡੇਂਟ ਸਰਵਿਸਿਜ਼ ਦੇ ਪ੍ਰਿੰਸੀਪਲ
(416) 969-7170 ਜਾਂ (905) 727-0022, ਐਕਸਟੈਨਸ਼ਨ 3219 ਜਾਂ ਐਕਸਟੈਨਸ਼ਨ 3460

ਬੋਰਡ ਦੀ ਵੈਬਸਾਈਟ www.yrdsb.ca 'ਤੇ ਜਾਓ

ਜੇ ਤੁਹਾਨੂੰ ਟ੍ਰਸਟੀ ਪ੍ਰਤਿਨਿਧਤਾ ਬਾਰੇ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ

ਲੋਰੀ ਡੇਵਨਪੋਰਟ, ਐਡਮਿਨਿਸਟ੍ਰੇਟਿਵ ਅਸਿਸਟੈਂਟ
ਐਜੂਕੇਸ਼ਨ ਐਂਡ ਕਮਿਉਨਿਟੀ ਸਰਵਿਸਿਜ਼
(905) 727-0022, ਐਕਸਟੈਂਸ਼ਨ #2027, (905) 727-3053 (ਫੈਕਸ)
lori.davenport@yrdsb.ca

## ਯੋਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ SEAC ਮੈਂਬਰ - 2015-2018 ਪਬਲਿਕ ਲਿਸਟ

ਜੇ ਤੁਹਾਨੂੰ ਕਿਸੇ SEAC ਮੈਂਬਰ ਲਈ ਕਿਸੇ ਖਾਸ ਪ੍ਰਤਿਨਿਧੀ ਦੇ ਸੰਬੰਧ ਵਿੱਚ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:
ਲੋਰੀ ਡੇਵਨਪੋਰਟ, ਐਡਮਿਨਿਸਟ੍ਰੇਟਿਵ ਅਸਿਸਟੈਂਟ
ਐਜੂਕੇਸ਼ਨ ਐਂਡ ਕਮਿਉਨਿਟੀ ਸਰਵਿਸਿਜ਼
(905) 727-0022, ਐਕਸਟੈਂਸ਼ਨ 2027, (905) 727-3053 (ਫੈਕਸ)
lori.davenport@yrdsb.ca

Association for Bright Children -
York Region North
135 Brant Street, Oakville ON, L6K 2Z8
1-844-443-8332, www.abcontario.ca

Association for Bright Children -
York Region South
135 Brant Street, Oakville ON, L6K 2Z8
1-844-443-8332, www.abcontario.ca

Autism Ontario - York Region Chapter
Loyal True Blue and Orange Home building
11181 Yonge Street #215, Richmond Hill, ON, L4S 1L2
(905) 780-1590, www.autismontario.com/york

The Canadian National Institute for the Blind
615 Davis Drive, Suite 100, Newmarket, ON, L3Y 2R2

(905) 898-6413, 1-800-563-0887, york@cnib.ca

Children's Treatment Network of Simcoe York (CTN)
13175 Yonge Street, Richmond Hill, ON, L4E 0G6
(905) 954-4011, (905) 773-7090 (ਫੈਕਸ)
1-877-719-4795, www.ctn-simcoeyork.ca

Community Living Georgina
26943 Hwy. 48, P.O. Box 68, Sutton West ON, L0E 1R0
(905) 722-8947, (905) 722-9591 (ਫੈਕਸ)
www.communitylivinggeorgina.com

Community Living Newmarket/Aurora District
757 Bogart Avenue, Newmarket ON, L3Y 2A7
(905) 898-3000, (905) 773-6346 (ਟੋਰੋਂਟੋ), (905) 898-6441 (ਫੈਕਸ)
www.clnad.com

Community Living York South
101 Edward Avenue, Richmond Hill ON, L4C 5E5
(905) 884-9110, (905) 737-3284 (ਫੈਕਸ)
www.communitylivingontario.ca

Down Syndrome Association of York Region
P.O. Box 2063, Station B, Richmond Hill ON L4E 1A3
(416) 410-DOWN, 1-800-649-3639, www.dsayr.ca

Early Intervention Services of York Region
The Regional Municipality of York
9275 Markham Road, Unit 15, Markham ON L6E 1A3
(905) 762-1282, (905) 762-0107 (ਫੈਕਸ), www.york.ca

Easter Seals of Ontario
One Concorde Gate, Suite 700, Toronto ON M3C 3N6
(416) 421-8377, 1-800-668-6252, (416) 696-1035 (ਫੈਕਸ)

www.easterseals.org

Learning Disabilities Association - York Region
11181 Yonge Street, Unit 221, Richmond Hill, ON, L4S 1L2
(905) 884-7933 ਐਕਸਟੈਂਸ਼ਨ #22, (905) 770-9377 (ਫੈਕਸ)
http://ldyar.org

Learning Disabilities Association - York Region North
11181 Yonge Street, Unit #221, Richmond Hill, ON, L4S 1L2
(905) 884-7933 ਐਕਸਟੈਂਸ਼ਨ #21, (905) 770-9377 (ਫੈਕਸ)
http://ldyar.org

VOICE for Hearing Impaired Children
P.O. Box 30045, Dundas Street West, Oakville, ON, L6H 6Y3
(416) 487-7719, 1-866-779-5144, (416) 487-7423 (ਫੈਕਸ)
www.voicefordeafkids.com

York Support Services Network
240 Edward Street, Unit 3, Aurora ON, L4G 3S9
1-866-275-9776, (905) 898-6455 ਐਕਸਟੈਨਸ਼ਨ #2240
(905) 898-1171 (ਫੈਕਸ), www.yssn.ca

## ਸਟਾਫ ਪ੍ਰਤਿਨਿਧਤਾ

ਸੁਪਰਿਨਟੇਨਡੇਂਟ, ਸਟੂਡੇਂਟ ਸਰਵਿਸਿਜ਼
ਕੇਟ ਡਾਇਕਿਉ
(905) 727-0022, ਐਕਸਟੈਂਸ਼ਨ #3235, kate.diakiw@yrdsb.ca

ਸੁਪਰਿਨਟੇਨਡੇਂਟ, ਕਰੀਕੁੱਲਮ ਐਂਡ
ਇਨਸਟ੍ਰਕਸ਼ਨਲ ਸਰਵਿਸਿਜ਼
ਹੀਦਰ ਸੀਅਰਸ
(905) 727-0022, ਐਕਸਟੈਂਸ਼ਨ #3419, heather.sears@yrdsb.ca
ਪ੍ਰਿੰਸੀਪਲ, ਸਟੂਡੇਂਟ ਸਰਵਿਸਿਜ਼
ਜੋਡੀ ਸੇਪਕੋਵਸਕੀ

(905) 727-0022, ਐਕਸਟੈਂਸ਼ਨ #3219, jodi.sepkowski@yrdsb.ca
ਵੈਂਡੀ ਸਵੇਨੇ
(905)727-0022, ਐਕਸਟੈਂਸ਼ਨ #3460, wendy.swaine@yrdsb.ca

ਸੈਕੰਡਰੀ ਪ੍ਰਿੰਸੀਪਲ
ਕਾਰਮੇਨ ਸਪਿਟਰੀ-ਜੋਹਨਸਨ
carmen.spiteri-johnson@yrdsb.ca

ਐਲੀਮੈਂਟਰੀ ਪ੍ਰਿੰਸੀਪਲ
ਕੇਟ ਕੁਰੇਕ
kate.kurek@yrdsb.ca

ਪ੍ਰਸ਼ਾਸਨਿਕ ਸਹਾਇਕ
ਐਜੂਕੇਸ਼ਨ ਐਂਡ ਕਮਿਊਨਿਟੀ ਸਰਵਿਸਿਜ਼
ਲੋਰੀ ਡੇਵਨਪੋਰਟ
(905) 727-0022, ਐਕਸਟੈਂਸ਼ਨ #2027, (905) 727-3053 (ਫੈਕਸ)
lori.davenport@yrdsb.ca

ਧਿਆਨ ਦਿਓ: 3 ਟਰੱਸਟੀਆਂ ਦੀ ਪ੍ਰਤਿਨਿਧਤਾ